# ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ

ਪੰਜਾਬ ਮਿਉਂਸਪਲ ਭਵਨ ਪਲਾਟ ਨੰ:3 ਸੈਕਟਰ 35-ਏ ਚੰਡੀਗੜ੍ਹ

(ਅਮਲਾ ਸਾਖਾ)

ਨੰਬਰ: ਅਸ2-ਡਸਸ (ਜਗਰਾਉਂ/08)-2019/ 14795 ਮਿਤੀ 27-3-19

ਸੇਵਾ ਵਿਖੇ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ,
ਚੰਡੀਗੜ੍ਹ।

ਵਿਸ਼ਾ:- ਨਗਰ ਕੋਸਲ ਜਗਰਾਉਂ ਦੀ ਆਮ ਮੀਟਿੰਗ ਦੇ ਮਤਾ ਨੰ: 212 ਮਿਤੀ 19-12-2017 ਸਬੰਧੀ।

---

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ੇ ਅਧੀਨ ਕੇਸ ਸਬੰਧੀ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਜੀ ਦੇ ਆਦੇਸ਼ਾ ਅਨੁਸਾਰ ਆਪ ਨੂੰ ਕਾਰਜ ਸਾਧਕ ਅਫਸਰ ਨਗਰ ਕੌਂਸਲ ਜਗਰਾਉਂ ਵਲੋਂ ਪ੍ਰਾਪਤ ਪੱਤਰ ਨੰ: 353 ਮਿਤੀ 25-02-2019 ਦੀ ਅਗਲੇਰੀ ਕਾਰਵਾਈ ਲਈ ਭੇਜਦੇ ਹੋਏ ਮੁੜ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਦੇ ਪੱਤਰ ਨੰ: 8360 ਮਿਤੀ 07-02-2017 ਸਬੰਧੀ ਮੰਗੀ ਗਈ ਟਿਪਣੀ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਸ ਲੰਬਿਤ ਪਏ ਕੇਸ ਦਾ ਨਿਪਟਾਰਾ ਹੋ ਸਕੇ।

ਸੁਪਰਡੰਟ (ਅਮਲਾ)

Diary No. 2346
Dated 29/3/19

ਪਿੱਠ ਅੰਕਣ ਨੰ: ਅਸ2-ਡਸਸ (ਜਗਰਾਉਂ/08)-2019/ ਮਿਤੀ

ਇਸ ਦਾ ਇੱਕ ਉਤਾਰਾ ਕਾਰਜ ਸਾਧਕ ਅਫਸਰ ਨਗਰ ਕੌਂਸਲ ਜਗਰਾਉਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸਹੀ/-
ਸੁਪਰਡੰਟ (ਅਮਲਾ)

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2019/ਵ-3/ 9050 ਮਿਤੀ: 30/4/19

ਉਪਰੋਕਤ ਦੀ ਨਕਲ ਸਮੇਤ ਸਹਿਲਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸੇ ਅੰਕਿਤ ਮਾਮਲੇ ਸਬੰਧੀ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।
ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)

-57-

# ਦਫਤਰ ਨਗਰ ਕੌਂਸਲ, ਜਗਰਾਉਂ (ਜਿਲ੍ਹਾ ਲੁਧਿਆਣਾ)

# OFFICE OF THE MUNICIPAL COUNCIL, JAGRAON

(DISTT.-LUDHIANA)

ਈ.ਮੇਲ eomc_jgn@yahoo.com ਫੋਨ ਨੰ:01624-223233

ਨੰ: 353 ਮਿਤੀ 25/02/2019

ਅਮਲਾ ਸ਼ਾਖਾ
ਡਾਇਰੀ ਨੰ. 1194
ਮਿਤੀ 26/2/19

ਸੇਵਾ ਵਿਖੇ

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਵਿਸ਼ਾ: ਨਗਰ ਕੌਂਸਲ ਜਗਰਾਉਂ ਦੀ ਆਮ ਮੀਟਿੰਗ ਮਿਤੀ 19-12-2017 ਦੇ ਮਤਾ ਨੰਬਰ 212 ਸਬੰਧੀ।

ਹਵਾਲਾ: ਆਪ ਜੀ ਦੇ ਪੱਤਰ ਨੰਬਰ ਅਸ2-ਡਜਸ(ਜਗਰਾਉਂ-8)-2017/8355 ਮਿਤੀ 7/2/18 ਦੇ ਹਵਾਲੇ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ ਜਗਰਾਉਂ ਸ਼ਹਿਰ ਅੰਦਰ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮਕਾਜ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਵਲੋਂ ਅਚਾਨਕ ਕਰਨਾ ਬੰਦ ਕਰ ਦੇਣ ਕਰਕੇ ਨਗਰ ਕੌਂਸਲ ਜਗਰਾਉਂ ਵਲੋਂ ਸ਼ਹਿਰ ਅੰਦਰ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮ ਨੂੰ ਨਿਰਵਿਘਨ ਚਲਦਾ ਰੱਖਣ ਅਤੇ ਆਮ ਪਬਲਿਕ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਮਤਾ ਨੰਬਰ 212 ਮਿਤੀ 19/12/2017 ਰਾਹੀਂ ਅਤਿ ਲੋੜੀਂਦੇ ਸਾਮਾਨ ਦੀ ਖ੍ਰੀਦ ਕਰਨਾ ਪ੍ਰਵਾਨ ਕੀਤਾ ਗਿਆ ਸੀ ਜਿਸ ਸਬੰਧੀ ਆਪ ਜੀ ਦੇ ਵਿਭਾਗ ਵਲੋਂ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਪਾਸੋਂ ਟਿੱਪਣੀ ਮੰਗੀ ਗਈ ਸੀ ਪ੍ਰੰਤੂ ਇਸ ਸਬੰਧੀ ਕੋਈ ਵੀ ਟਿੱਪਣੀ/ਪ੍ਰਵਾਨਗੀ ਆਦਿ ਇਸ ਦਫਤਰ ਵਿਖੇ ਹਾਲੇ ਤੱਕ ਪ੍ਰਾਪਤ ਨਹੀਂ ਹੋਏ ਹਨ।

ਇੱਥੇ ਦੱਸਣਯੋਗ ਹੈ ਕਿ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਐਮਰਜੈਂਟ ਨੇਚਰ ਦਾ ਕੰਮ ਹੋਣ ਕਰਕੇ ਕਿਸੇ ਵੀ ਸਮੇਂ ਕੋਈ ਮੋਟਰ ਆਦਿ ਖਰਾਬ ਹੋ ਜਾਣ ਕਰਕੇ ਸ਼ਹਿਰ ਅੰਦਰ ਕਾਫੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਕਰਕੇ ਆਮ ਪਬਲਿਕ ਵਿੱਚ ਰੋਸ ਵੀ ਪੈਦਾ ਹੁੰਦਾ ਹੈ। ਮਤੇ ਵਿੱਚ ਦਰਜ ਵਾਧੂ/ਸਪੇਅਰ ਮੋਟਰਾਂ ਹੋਣ ਨਾਲ ਅਜਿਹੇ ਮੁਸ਼ਕਲ ਦੇ ਵਕਤ ਸਮੱਸਿਆ ਦਾ ਨਿਪਟਾਰਾ ਜਲਦ ਤੋਂ ਜਲਦ ਹੋ ਜਾਵੇਗਾ।

ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਉਕਤ ਤੱਥਾਂ ਅਤੇ ਪਬਲਿਕ ਹਿੱਤਾਂ ਨੂੰ ਦੇਖਦੇ ਹੋਏ ਮਤਾ ਨੰਬਰ 212 ਮਿਤੀ 19/12/2017 ਨੂੰ ਪ੍ਰਵਾਨ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਕਾਰਜ ਸਾਧਕ ਅਫਸਰ
ਨਗਰ ਕੌਂਸਲ ਜਗਰਾਉਂ